# ਵਰਕਿੰਗ ਵਿਦ ਚਿਲਡਰਨ ਚੈੱਕ
# ਆਰਗੇਨਾਈਜ਼ੇਸ਼ਨ ਚੈੱਕ (ਸੰਸਥਾ ਦੀ ਜਾਂਚ)

Punjabi | ਪੰਜਾਬੀ

'ਆਰਗੇਨਾਈਜ਼ੇਸ਼ਨ ਚੈੱਕ' ਤੁਹਾਡੀ **ਸੰਸਥਾ (organisation)** ਨੂੰ *ਵਰਕਿੰਗ ਵਿਦ ਚਿਲਡਰਨ (ਸਕ੍ਰੀਨਿੰਗ) ਐਕਟ 2004* (ਐਕਟ) ਦੀ ਕਾਨੂੰਨ-ਪਾਲਣਾ ਦਾ ਮੁਲਾਂਕਣ ਕਰਨ ਅਤੇ ਸੁਧਾਰ ਦੀ ਲੋੜ ਵਾਲੇ ਖੇਤਰਾਂ ਦੀ ਪਛਾਣ ਕਰਨ ਵਿੱਚ ਮੱਦਦ ਕਰਨ ਲਈ ਤਿਆਰ ਕੀਤਾ ਗਿਆ ਹੈ।

'ਆਰਗੇਨਾਈਜ਼ੇਸ਼ਨ ਚੈੱਕ' ਤੁਹਾਡੀ ਵਰਕਿੰਗ ਵਿਦ ਚਿਲਡਰਨ (WWC) ਜਾਂਚ ਨੀਤੀਆਂ, ਪ੍ਰਕਿਰਿਆਵਾਂ ਅਤੇ ਰਿਕਾਰਡ ਰੱਖਣ ਦੀਆਂ ਪ੍ਰਣਾਲੀਆਂ ਦੇ ਸੰਬੰਧ ਵਿੱਚ ਕਈ ਲੋੜਾਂ ਦੀ ਪਛਾਣ ਕਰਦਾ ਹੈ। ਤੁਹਾਡੀ ਸੰਸਥਾ ਦੇ ਅੰਦਰ WWC ਚੈੱਕ ਨੂੰ ਲਾਗੂ ਕਰਨ ਲਈ ਹੋਰ ਰਣਨੀਤੀਆਂ WWC ਚੈੱਕ ਕੰਪਲਾਇੰਸ ਟੂਲਕਿਟ ਵਿੱਚ ਲੱਭੀਆਂ ਜਾ ਸਕਦੀਆਂ ਹਨ। ਇੱਕ ਵਾਰ ਪੂਰਾ ਹੋਣ 'ਤੇ, ਅਸੀਂ ਤੁਹਾਡੇ ਹੋਰ WWC ਚੈੱਕ ਰਿਕਾਰਡਾਂ ਦੇ ਨਾਲ 'ਆਰਗੇਨਾਈਜ਼ੇਸ਼ਨ ਚੈੱਕ' ਰੱਖਣ ਅਤੇ ਨਿਯਮਿਤ ਤੌਰ 'ਤੇ ਸਮੀਖਿਆ ਕਰਨ ਦੀ ਸਿਫ਼ਾਰਸ਼ ਕਰਦੇ ਹਾਂ।

| | |
|---|---|
| ਸੰਸਥਾ | |
| ਕਾਨੂੰਨ-ਪਾਲਣਾ ਜਾਂਚ ਨੂੰ ਪੂਰਾ ਕਰਨ ਵਾਲਾ ਵਿਅਕਤੀ | |
| ਨੌਕਰੀ-ਭੂਮਿਕਾ | |
| ਪੂਰਾ ਹੋਣ ਦੀ ਮਿਤੀ | |

## ਕੀ ਕਰਨ ਦੀ ਲੋੜ ਹੈ?

| | | |
|---|---|---|
| 1. ਕੀ ਤੁਹਾਡੇ ਕੋਲ ਬੱਚਿਆਂ ਨਾਲ ਸੰਬੰਧਿਤ ਕੰਮ ਵਿੱਚ ਕਰਮਚਾਰੀ/ **ਵਲੰਟੀਅਰ (volunteers)** / **ਵਿਦਿਆਰਥੀ (students)** ਹਨ? | ਹਾਂ | |
| | ਨਹੀਂ | |
| | ਪੂਰਾ ਯਕੀਨੀ ਨਹੀਂ ਹੈ | |

- ਉਹ "ਕੰਮ" ਬੱਚਿਆਂ ਨਾਲ ਸੰਬੰਧਿਤ ਕੰਮ ਹੁੰਦਾ ਹੈ ਜੇਕਰ ਕੰਮ ਦੀਆਂ **ਆਮ ਡਿਊਟੀਆਂ (usual duties)** ਵਿੱਚ ਬੱਚਿਆਂ ਨਾਲ ਸੰਬੰਧਿਤ ਕੰਮ ਦੀ ਘੱਟੋ-ਘੱਟ ਇੱਕ **ਸ਼੍ਰੇਣੀ (categories)** ਦੇ ਸੰਬੰਧ ਵਿੱਚ **ਬੱਚੇ (child)** ਨਾਲ **ਸੰਪਰਕ (contact)** ਹੋਣਾ ਸ਼ਾਮਲ ਹੁੰਦਾ ਹੈ, ਜਾਂ ਸੰਪਰਕ ਹੋਣ ਦੀ ਸੰਭਾਵਨਾ ਹੁੰਦੀ ਹੈ, ਜਦੋਂ ਤੱਕ ਕੋਈ ਛੋਟ ਲਾਗੂ ਨਹੀਂ ਹੁੰਦੀ ਹੈ।
- "ਸੰਪਰਕ" ਵਿੱਚ ਸ਼ਾਮਲ ਹਨ:
  - ਕਿਸੇ ਵੀ ਰੂਪ ਵਿੱਚ ਸਰੀਰਕ ਸੰਪਰਕ
  - ਮੌਖਿਕ ਸੰਚਾਰ ਦਾ ਕੋਈ ਵੀ ਰੂਪ, ਚਾਹੇ ਆਹਮੋ-ਸਾਹਮਣੇ, ਟੈਲੀਫ਼ੋਨ ਦੁਆਰਾ ਜਾਂ ਕਿਸੇ ਹੋਰ ਤਰੀਕੇ ਦੁਆਰਾ
  - ਕਿਸੇ ਵੀ ਰੂਪ ਵਿੱਚ ਇਲੈਕਟ੍ਰਾਨਿਕ ਸੰਚਾਰ।
- ਜੇਕਰ ਕੋਈ ਵਿਅਕਤੀ ਬੱਚਿਆਂ ਨਾਲ ਸੰਬੰਧਿਤ ਕੰਮ ਵਿੱਚ ਹੈ ਅਤੇ ਕੋਈ ਛੋਟ ਲਾਗੂ ਨਹੀਂ ਹੁੰਦੀ ਹੈ, ਤਾਂ WWC ਚੈੱਕ ਦੀ ਲੋੜ ਹੁੰਦੀ ਹੈ।
- ਵਧੇਰੇ ਜਾਣਕਾਰੀ ਲਈ WWC ਦੀ ਵੈੱਬਸਾਈਟ ' ਤੇ ਜਾਓ।

| | | |
|---|---|---|
| 2. ਕੀ ਹਰ ਕੋਈ ਜਿਸਨੂੰ WWC ਚੈੱਕ ਕਰਵਾਉਣਾ ਚਾਹੀਦਾ ਹੈ, ਉਸ ਕੋਲ ਵੈਧ WWC ਕਾਰਡ ਹੈ, ਜਾਂ ਉਹਨਾਂ ਨੇ ਇਸ ਨੂੰ ਲੈਣ ਲਈ ਅਰਜ਼ੀ ਦਿੱਤੀ ਹੈ? | ਹਾਂ | |
| | ਨਹੀਂ | |
| | ਪੂਰਾ ਯਕੀਨੀ ਨਹੀਂ ਹੈ | |

- ਤੁਸੀਂ WWC ਦੀ ਵੈੱਬਸਾਈਟ 'ਤੇ ਕਾਰਡ ਦੀ ਵੈਧਤਾ ਜਾਂ ਅਰਜ਼ੀ ਦੀ ਸਥਿਤੀ ਦੀ ਜਾਂਚ ਕਰ ਸਕਦੇ ਹੋ।
- ਤੁਹਾਡੀ ਸੰਸਥਾ ਲਈ ਕਿਸੇ ਨੂੰ ਵੀ WWC ਕਾਰਡ ਤੋਂ ਬਗ਼ੈਰ ਬੱਚਿਆਂ ਨਾਲ ਸੰਬੰਧਿਤ ਕੰਮ ਕਰਨ ਦੀ ਇਜਾਜ਼ਤ ਦੇਣਾ ਅਪਰਾਧ ਹੈ, ਜਦੋਂ ਤੱਕ ਕੋਈ ਛੋਟ ਲਾਗੂ ਨਹੀਂ ਹੁੰਦੀ ਹੈ:
  - ਐਕਟ ਦੀ ਧਾਰਾ 22: ਰੁਜ਼ਗਾਰਦਾਤਾ ਬੱਚਿਆਂ ਨਾਲ ਸੰਬੰਧਿਤ ਰੁਜ਼ਗਾਰ ਵਿੱਚ ਕੁੱਝ ਵਿਸ਼ੇਸ਼ ਲੋਕਾਂ ਨੂੰ ਰੁਜ਼ਗਾਰ ਨਾ ਦੇਣ।
  - ਦੰਡ: $12,000 ਦਾ ਜੁਰਮਾਨਾ ਅਤੇ 12 ਮਹੀਨੇ ਦੀ ਕੈਦ।

| | | |
|---|---|---|
| 3. ਕੀ ਤੁਸੀਂ ਜਾਣਦੇ ਹੋ ਕਿ ਜੇਕਰ ਤੁਹਾਨੂੰ ਤੁਹਾਡੇ ਕਿਸੇ ਕਰਮਚਾਰੀ/ਵਲੰਟੀਅਰ/ਵਿਦਿਆਰਥੀ ਲਈ **ਨੈਗੇਟਿਵ ਨੋਟਿਸ (Negative Notice)** ਜਾਂ **ਅੰਤਰਿਮ ਨੈਗੇਟਿਵ ਨੋਟਿਸ (Interim Negative Notice)** ਮਿਲਦਾ ਹੈ ਤਾਂ ਕੀ ਕਰਨਾ ਹੈ? | ਹਾਂ | |
| | ਨਹੀਂ | |
| | ਪੂਰਾ ਯਕੀਨੀ ਨਹੀਂ ਹੈ | |

- ਉਸ ਵਿਅਕਤੀ ਨੂੰ ਬੱਚਿਆਂ ਨਾਲ ਸੰਬੰਧਿਤ ਕੰਮ ਤੋਂ ਤੁਰੰਤ ਹਟਾ ਦਿਓ।
- ਨੈਗੇਟਿਵ ਨੋਟਿਸ ਜਾਂ ਅੰਤਰਿਮ ਨੈਗੇਟਿਵ ਨੋਟਿਸ ਜਾਰੀ ਕੀਤੇ ਜਾਣ 'ਤੇ ਕਿਸੇ ਨੂੰ ਬੱਚਿਆਂ ਨਾਲ ਸੰਬੰਧਿਤ ਕੰਮ ਕਰਨ ਦੀ ਇਜਾਜ਼ਤ ਦੇਣਾ ਤੁਹਾਡੀ ਸੰਸਥਾ ਲਈ ਇੱਕ ਅਪਰਾਧ ਹੈ:
  - ਐਕਟ ਦੀ ਧਾਰਾ 22: ਰੁਜ਼ਗਾਰਦਾਤਾ ਬੱਚਿਆਂ ਨਾਲ ਸੰਬੰਧਿਤ ਰੁਜ਼ਗਾਰ ਵਿੱਚ ਕੁੱਝ ਵਿਸ਼ੇਸ਼ ਲੋਕਾਂ ਨੂੰ ਰੁਜ਼ਗਾਰ ਨਾ ਦੇਣ।
  - ਐਕਟ ਦੀ ਧਾਰਾ 22(3): ਜੇਕਰ ਰੁਜ਼ਗਾਰਦਾਤਾ ਨੂੰ ਪਤਾ ਹੈ ਕਿ ਕਿਸੇ ਵਿਅਕਤੀ ਨੂੰ ਇੱਕ ਨੈਗੇਟਿਵ ਨੋਟਿਸ ਜਾਂ ਅੰਤਰਿਮ ਨੈਗੇਟਿਵ ਨੋਟਿਸ ਜਾਰੀ ਕੀਤਾ ਗਿਆ ਹੈ ਅਤੇ ਮੌਜੂਦਾ ਹੈ, ਤਾਂ ਰੁਜ਼ਗਾਰਦਾਤਾ ਨੂੰ ਲਾਜ਼ਮੀ ਤੌਰ 'ਤੇ ਬੱਚਿਆਂ ਨਾਲ ਸੰਬੰਧਿਤ ਰੁਜ਼ਗਾਰ ਵਿੱਚ ਉਸ ਵਿਅਕਤੀ ਨੂੰ ਨਿਯੁਕਤ ਨਹੀਂ ਕਰਨਾ ਚਾਹੀਦਾ ਹੈ।
  - ਦੰਡ: $60,000 ਦਾ ਜੁਰਮਾਨਾ ਅਤੇ 5 ਸਾਲ ਦੀ ਕੈਦ।

## ਮੇਰੀ ਸੰਸਥਾ ਲੋੜਾਂ ਨੂੰ ਕਿਵੇਂ ਪੂਰਾ ਕਰ ਸਕਦੀ ਹੈ?

| | | |
|---|---|---|
| 4. ਕੀ ਤੁਹਾਡੀ ਸੰਸਥਾ ਕੋਲ ਸੰਸਥਾ ਦੇ ਪ੍ਰਤੀਨਿਧੀ ਵਜੋਂ WWC ਅਰਜ਼ੀਆਂ ਦੀ ਜਾਂਚ ਅਤੇ ਹਸਤਾਖ਼ਰ ਕਰਨ ਲਈ ਕੋਈ ਜ਼ਿੰਮੇਵਾਰ ਵਿਅਕਤੀ ਨਾਮਜ਼ਦ ਹੈ/ਹਨ? | ਹਾਂ | |
| | ਨਹੀਂ | |
| | ਪੂਰਾ ਯਕੀਨੀ ਨਹੀਂ ਹੈ | |

- ਇਹ ਨਿਰਧਾਰਤ ਕਰੋ ਕਿ ਸੰਸਥਾ ਦੇ ਅੰਦਰ ਕਿਹੜੇ ਅਹੁਦਾ (ਅਹੁਦੇ) ਪ੍ਰਤੀਨਿਧੀ ਬਣਨ ਲਈ ਅਧਿਕਾਰਤ ਹੈ, ਆਮ ਤੌਰ 'ਤੇ ਉਹ ਜੋ ਜ਼ਿੰਮੇਵਾਰੀ ਵਾਲੇ ਅਹੁਦੇ 'ਤੇ ਹੁੰਦੇ ਹਨ।
- ਇਸ ਅਹੁਦੇ ਕੋਲ ਲਾਜ਼ਮੀ ਤੌਰ 'ਤੇ:
  - ਸੰਸਥਾ ਦੀ ਤਰਫੋਂ ਇਹ ਐਲਾਨ ਕਰਨ ਦਾ ਅਧਿਕਾਰ ਹੋਣਾ ਚਾਹੀਦਾ ਹੈ ਕਿ ਅਰਜ਼ੀ ਦੇਣ ਵਾਲਾ ਬੱਚਿਆਂ ਨਾਲ ਸੰਬੰਧਿਤ ਕੰਮ ਵਿੱਚ ਹੈ
  - ਕਿਸੇ ਕਰਮਚਾਰੀ/ਵਲੰਟੀਅਰ/ਵਿਦਿਆਰਥੀ (ਨੈਗੇਟਿਵ ਨੋਟਿਸਾਂ ਸਮੇਤ) ਨਾਲ ਸੰਬੰਧਿਤ ਪੱਤਰ-ਵਿਹਾਰ ਪ੍ਰਾਪਤ ਕਰਨ ਲਈ ਅਧਿਕਾਰ ਹੋਣਾ ਚਾਹੀਦਾ ਹੈ
  - ਸੰਸਥਾ ਦੀ ਤਰਫੋਂ ਕੀ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ ਇਸ ਬਾਰੇ ਚੰਗੀ ਜਾਣਕਾਰੀ ਅਤੇ ਸਮਝ ਹੈ।
- ਸੰਸਥਾ ਦੇ ਪ੍ਰਤੀਨਿਧੀਆਂ ਲਈ ਵਰਕਸ਼ਾਪਾਂ ਬਾਰੇ ਜਾਣਕਾਰੀ ਲਈ WWC ਸਕ੍ਰੀਨਿੰਗ ਯੂਨਿਟ ਇਵੈਂਟਬ੍ਰਾਈਟ ਪੰਨੇ ' ਤੇ ਜਾਓ।

| | | |
|---|---|---|
| 5. ਕੀ ਤੁਹਾਡੀ ਸੰਸਥਾ ਨਵੇਂ ਕਰਮਚਾਰੀਆਂ/ਵਲੰਟੀਅਰਾਂ/ਵਿਦਿਆਰਥੀਆਂ ਦੀ WWC ਸਕ੍ਰੀਨਿੰਗ ਯੂਨਿਟ ਨੂੰ ਸਲਾਹ ਦਿੰਦੀ ਹੈ ਜਿਨ੍ਹਾਂ ਕੋਲ ਪਹਿਲਾਂ ਹੀ ਵੈਧ WWC ਕਾਰਡ ਹਨ? | ਹਾਂ | |
| | ਨਹੀਂ | |
| | ਪੂਰਾ ਯਕੀਨੀ ਨਹੀਂ ਹੈ | |

- ਸੰਸਥਾਵਾਂ ਰਜਿਸਟਰ ਕਾਰਡ ਧਾਰਕਾਂ ਦੇ ਫਾਰਮ ਨੂੰ ਭਰ ਕੇ ਕਰਮਚਾਰੀਆਂ/ਵਲੰਟੀਅਰਾਂ/ਵਿਦਿਆਰਥੀਆਂ ਦੀ WWC ਸਕ੍ਰੀਨਿੰਗ ਯੂਨਿਟ ਨੂੰ ਸੂਚਿਤ ਕਰ ਸਕਦੀਆਂ ਹਨ ਜਿਨ੍ਹਾਂ ਕੋਲ ਪਹਿਲਾਂ ਹੀ ਵੈਧ ਕਾਰਡ ਹਨ।
- ਚੈੱਕ WWC ਕਾਰਡ ਵੈਧਤਾ ਫੰਕਸ਼ਨ ਦੀ ਵਰਤੋਂ ਕਰਕੇ ਕਾਰਡਾਂ ਦੀ ਵੈਧਤਾ ਦੀ ਜਾਂਚ ਕੀਤੀ ਜਾ ਸਕਦੀ ਹੈ।

| | | |
|---|---|---|
| 6. ਕੀ ਤੁਹਾਡੀ ਸੰਸਥਾ ਕੋਲ WWC ਕਾਨੂੰਨ ਦੀ ਪਾਲਣਾ ਨੂੰ ਰਿਕਾਰਡ ਕਰਨ ਅਤੇ ਨਿਗਰਾਨੀ ਕਰਨ ਲਈ ਕੋਈ ਪ੍ਰਣਾਲੀ ਲਾਗੂ ਹੈ? | ਹਾਂ | |
| | ਨਹੀਂ | |
| | ਪੂਰਾ ਯਕੀਨੀ ਨਹੀਂ ਹੈ | |

- ਇਹ ਪੁਰਜ਼ੋਰ ਸਿਫ਼ਾਰਸ਼ ਕੀਤੀ ਜਾਂਦੀ ਹੈ ਕਿ ਸੰਸਥਾਵਾਂ ਐਕਟ ਦੀ ਪਾਲਣਾ ਨੂੰ ਕਾਇਮ ਰੱਖਣ ਲਈ ਰਿਕਾਰਡ ਰੱਖਣ।
- ਇਸ ਵਿੱਚ ਡੇਟਾਬੇਸ, ਸਪ੍ਰੈੱਡਸ਼ੀਟ ਜਾਂ ਮਨੁੱਖੀ ਸਰੋਤ ਪ੍ਰਣਾਲੀ ਵਿੱਚ WWC ਚੈੱਕ ਰਸੀਦ ਅਤੇ WWC ਕਾਰਡ ਦੀ ਜਾਣਕਾਰੀ ਦਰਜ ਕਰਨਾ ਅਤੇ WWC ਕਾਰਡ ਦੀ ਵੈਧਤਾ ਦੀ ਜਾਂਚ ਕਰਨਾ ਸ਼ਾਮਲ ਹੋ ਸਕਦਾ ਹੈ।
- ਸੰਸਥਾ ਵਿੱਚ WWC ਚੈੱਕ ਬਾਰੇ ਸਾਰੇ ਪ੍ਰਸ਼ਾਸਨਿਕ ਫ਼ੈਸਲਿਆਂ ਨੂੰ ਰਿਕਾਰਡ ਕੀਤਾ ਜਾਣਾ ਚਾਹੀਦਾ ਹੈ।

| | | |
|---|---|---|
| 7. ਕੀ ਤੁਹਾਡੀ ਸੰਸਥਾ ਦੀਆਂ ਨੀਤੀਆਂ ਹਨ ਜੋ WWC ਚੈੱਕ ਨੂੰ ਸ਼ਾਮਲ ਕਰਦੀਆਂ ਹਨ ਜਾਂ ਇਸ ਨਾਲ ਸੰਬੰਧਿਤ ਹਨ? | ਹਾਂ | |
| | ਨਹੀਂ | |
| | ਪੂਰਾ ਯਕੀਨੀ ਨਹੀਂ ਹੈ | |

- ਸੰਸਥਾਵਾਂ ਕੋਲ ਬਾਲ ਸੁਰੱਖਿਆ ਨੀਤੀ ਹੋ ਸਕਦੀ ਹੈ, ਜਿਸ ਵਿੱਚ WWC ਚੈੱਕ ਜਾਂ ਸਿਰਫ਼ ਉਸ ਨੀਤੀ ਬਾਰੇ ਹੀ ਜਾਣਕਾਰੀ ਸ਼ਾਮਲ ਹੁੰਦੀ ਹੈ।
- WWC ਚੈੱਕ ਕੰਪਲਾਇੰਸ ਟੂਲਕਿਟ ਵਿੱਚ WWC ਚੈੱਕ ਪਾਲਿਸੀ ਦਾ ਇੱਕ ਖਰੜਾ ਲੱਭਿਆ ਜਾ ਸਕਦਾ ਹੈ।

| | | |
|---|---|---|
| 8. ਕੀ ਤੁਹਾਡੀ ਸੰਸਥਾ ਕੋਲ ਬੱਚਿਆਂ ਨਾਲ ਸੰਬੰਧਿਤ ਕੰਮ ਕਰਨ ਵਾਲੇ ਕਰਮਚਾਰੀਆਂ/ਵਲੰਟੀਅਰਾਂ/ਵਿਦਿਆਰਥੀਆਂ ਦੀ ਪਛਾਣ ਕਰਨ ਦੀ ਪ੍ਰਕਿਰਿਆ ਹੈ? | ਹਾਂ | |
| | ਨਹੀਂ | |
| | ਪੂਰਾ ਯਕੀਨੀ ਨਹੀਂ ਹੈ | |

- ਉਹ "ਕੰਮ" ਬੱਚਿਆਂ ਨਾਲ ਸੰਬੰਧਿਤ ਕੰਮ ਹੁੰਦਾ ਹੈ ਜੇਕਰ ਕੰਮ ਦੀਆਂ ਆਮ ਡਿਊਟੀਆਂ ਵਿੱਚ ਬੱਚਿਆਂ ਨਾਲ ਸੰਬੰਧਿਤ ਕੰਮ ਦੀ ਘੱਟੋ-ਘੱਟ ਇੱਕ ਸ਼੍ਰੇਣੀ ਦੇ ਸੰਬੰਧ ਵਿੱਚ ਬੱਚੇ ਨਾਲ ਸੰਪਰਕ ਹੋਣਾ ਸ਼ਾਮਲ ਹੁੰਦਾ ਹੈ, ਜਾਂ ਸੰਪਰਕ ਹੋਣ ਦੀ ਸੰਭਾਵਨਾ ਹੁੰਦੀ ਹੈ, ਜਦੋਂ ਤੱਕ ਕੋਈ ਛੋਟ ਲਾਗੂ ਨਹੀਂ ਹੁੰਦੀ ਹੈ।
- WWC ਚੈੱਕ ਕੰਪਲਾਇੰਸ ਟੂਲਕਿਟ ਵਿੱਚ ਇੱਕ ਖਰੜਾ WWC ਵਿਧੀ ਲੱਭੀ ਜਾ ਸਕਦੀ ਹੈ।

| | | |
|---|---|---|
| 9. ਕੀ ਤੁਹਾਡੀ ਸੰਸਥਾ ਕੋਲ ਇਹ ਯਕੀਨੀ ਬਣਾਉਣ ਲਈ ਕੋਈ ਪ੍ਰਕਿਰਿਆ ਹੈ ਕਿ ਬੱਚਿਆਂ ਨਾਲ ਸੰਬੰਧਿਤ ਕੰਮ ਕਰਨ ਵਾਲੇ ਕਰਮਚਾਰੀਆਂ/ਵਲੰਟੀਅਰਾਂ/ਵਿਦਿਆਰਥੀਆਂ ਕੋਲ ਮੌਜੂਦਾ WWC ਚੈੱਕ ਹੈ ਜਾਂ ਉਹਨਾਂ ਨੇ ਬੱਚਿਆਂ ਨਾਲ ਸੰਬੰਧਿਤ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਇਸ ਲਈ ਅਰਜ਼ੀ ਦਿੱਤੀ ਹੈ? | ਹਾਂ | |
| | ਨਹੀਂ | |
| | ਪੂਰਾ ਯਕੀਨੀ ਨਹੀਂ ਹੈ | |

- ਕਰਮਚਾਰੀਆਂ/ਵਲੰਟੀਅਰਾਂ/ਵਿਦਿਆਰਥੀਆਂ ਨੂੰ ਲਾਜ਼ਮੀ ਤੌਰ 'ਤੇ WWC ਚੈੱਕ ਲਈ ਅਰਜ਼ੀ ਦੇਣੀ ਚਾਹੀਦੀ ਹੈ ਜਾਂ ਮੌਜੂਦਾ WWC ਕਾਰਡ ਹੋਣਾ ਚਾਹੀਦਾ ਹੈ ਜੇਕਰ ਉਹ ਬੱਚਿਆਂ ਨਾਲ ਸੰਬੰਧਿਤ ਕੰਮ ਸ਼ੁਰੂ ਕਰਨ ਜਾ ਰਹੇ ਹਨ, ਜਾਂ ਕਰ ਰਹੇ ਹਨ, ਜਦੋਂ ਤੱਕ ਕੋਈ ਛੋਟ ਲਾਗੂ ਨਹੀਂ ਹੁੰਦੀ ਹੈ।
- ਇੱਕ ਅਰਜ਼ੀ ਦੀ ਰਸੀਦ ਇਸ ਗੱਲ ਦਾ ਸਬੂਤ ਹੈ ਕਿ ਉਸ ਵਿਅਕਤੀ ਕੋਲ ਇੱਕ ਵਿਚਾਰ ਅਧੀਨ ਅਰਜ਼ੀ ਹੈ, ਅਤੇ, ਜ਼ਿਆਦਾਤਰ ਮਾਮਲਿਆਂ ਵਿੱਚ, ਇਹ ਉਹਨਾਂ ਨੂੰ ਬੱਚਿਆਂ ਨਾਲ ਸੰਬੰਧਿਤ ਕੰਮ ਸ਼ੁਰੂ ਕਰਨ ਜਾਂ ਜਾਰੀ ਰੱਖਣ ਦੀ ਇਜਾਜ਼ਤ ਦਿੰਦੀ ਹੈ।
- WWC ਚੈੱਕ ਕੰਪਲਾਇੰਸ ਟੂਲਕਿਟ ਵਿੱਚ ਇੱਕ ਖਰੜਾ WWC ਵਿਧੀ ਲੱਭੀ ਜਾ ਸਕਦੀ ਹੈ।

| | | |
|---|---|---|
| 10. ਕੀ ਤੁਹਾਡੀ ਸੰਸਥਾ ਕੋਲ ਇਹ ਯਕੀਨੀ ਬਣਾਉਣ ਲਈ ਕੋਈ ਪ੍ਰਕਿਰਿਆ ਹੈ ਕਿ ਕਰਮਚਾਰੀ ਆਪਣੇ WWC ਕਾਰਡਾਂ ਦੀ ਮਿਆਦ ਪੁੱਗਣ ਤੋਂ ਪਹਿਲਾਂ ਹੀ ਉਨ੍ਹਾਂ ਨੂੰ ਨਵਿਆਉਣ? | ਹਾਂ | |
| | ਨਹੀਂ | |
| | ਪੂਰਾ ਯਕੀਨੀ ਨਹੀਂ ਹੈ | |

- WWC ਕਾਰਡਾਂ ਦੀ ਮਿਆਦ ਹਰ ਤਿੰਨ ਸਾਲ ਬਾਅਦ ਖ਼ਤਮ ਹੋ ਜਾਂਦੀ ਹੈ; ਤੁਹਾਡੀ ਸੰਸਥਾ ਕੋਲ ਇਹ ਯਕੀਨੀ ਬਣਾਉਣ ਲਈ ਇੱਕ ਪ੍ਰਕਿਰਿਆ ਹੋਣੀ ਜ਼ਰੂਰੀ ਹੈ ਕਿ ਕਰਮਚਾਰੀਆਂ ਨੇ ਆਪਣੇ WWC ਕਾਰਡ ਦੀ ਮਿਆਦ ਪੁੱਗਣ ਤੋਂ ਪਹਿਲਾਂ ਇਸਨੂੰ ਨਵਿਆਇਆ ਹੈ।
- ਇਹ ਸਿਫਾਰਸ਼ ਕੀਤੀ ਜਾਂਦੀ ਹੈ ਕਿ ਕਾਮੇ ਆਪਣੇ WWC ਕਾਰਡ ਨੂੰ ਮਿਆਦ ਖ਼ਤਮ ਹੋਣ ਤੋਂ ਘੱਟੋ-ਘੱਟ ਇੱਕ ਮਹੀਨਾ ਪਹਿਲਾਂ ਨਵਿਆਉਣ, ਅਤੇ ਤਿੰਨ ਮਹੀਨਿਆਂ ਤੋਂ ਵੱਧ ਪਹਿਲਾਂ ਨਵਿਆਇਆ ਨਹੀਂ ਜਾ ਸਕਦਾ ਹੈ।
- WWC ਚੈੱਕ ਕੰਪਲਾਇੰਸ ਟੂਲਕਿਟ ਵਿੱਚ ਇੱਕ ਖਰੜਾ WWC ਵਿਧੀ ਲੱਭੀ ਜਾ ਸਕਦੀ ਹੈ।

| 11. ਕੀ ਤੁਹਾਡੀ ਸੰਸਥਾ ਕੋਲ ਅੰਤਰਿਮ ਨੈਗੇਟਿਵ ਨੋਟਿਸ ਜਾਂ WWC ਸਕ੍ਰੀਨਿੰਗ ਯੂਨਿਟ ਤੋਂ ਪ੍ਰਾਪਤ ਹੋਏ ਨੈਗੇਟਿਵ ਨੋਟਿਸ ਨਾਲ ਨਜਿੱਠਣ ਲਈ ਕੋਈ ਪ੍ਰਕਿਰਿਆ ਹੈ? | ਹਾਂ | |
|---|---|---|
| | ਨਹੀਂ | |
| | ਪੂਰਾ ਯਕੀਨੀ ਨਹੀਂ ਹੈ | |

- ਅਰਜੀ ਦੇਣ ਵਾਲੇ/ਕਾਰਡ ਧਾਰਕ ਨਾਲ ਸੰਬੰਧਿਤ ਸਾਰੇ ਪੱਤਰ-ਵਿਹਾਰ WWC ਐਪਲੀਕੇਸ਼ਨ ਫਾਰਮ/ਨਵੀਨੀਕਰਨ 'ਤੇ ਪਛਾਣੇ ਗਏ ਸੰਸਥਾ ਦੇ ਪ੍ਰਤੀਨਿਧੀ ਜਾਂ ਕੇਂਦਰੀ ਨੋਟੀਫਿਕੇਸ਼ਨ ਪੁਆਇੰਟ ਨੂੰ ਭੇਜੇ ਜਾਣਗੇ।
- ਜਦੋਂ ਤੁਹਾਡੇ ਕੋਲ ਨਵੇਂ ਕਰਮਚਾਰੀ/ਵਲੰਟੀਅਰ/ਵਿਦਿਆਰਥੀ ਆਉਂਦੇ ਹਨ ਜਿਨ੍ਹਾਂ ਕੋਲ ਪਹਿਲਾਂ ਹੀ WWC ਕਾਰਡ ਹੈ ਤਾਂ ਸੰਸਥਾਵਾਂ ਕਾਰਡ ਧਾਰਕ ਰਜਿਸਟ੍ਰੇਸ਼ਨ ਫੰਕਸ਼ਨ ਦੀ ਵਰਤੋਂ WWC ਸਕ੍ਰੀਨਿੰਗ ਯੂਨਿਟ ਨੂੰ ਇਸਦੀ ਸਲਾਹ ਦੇਣ ਲਈ ਕਰ ਸਕਦੀਆਂ ਹਨ। ਜੇਕਰ ਕਾਰਡ ਧਾਰਕ ਨੂੰ ਅੰਤਰਿਮ ਨੈਗੇਟਿਵ ਨੋਟਿਸ ਜਾਂ ਨੈਗੇਟਿਵ ਨੋਟਿਸ ਜਾਰੀ ਕੀਤਾ ਜਾਂਦਾ ਹੈ ਤਾਂ ਇਸ ਜਾਣਕਾਰੀ ਨੂੰ ਤਾਜ਼ਾ ਰੱਖਣ ਨਾਲ ਸਕ੍ਰੀਨਿੰਗ ਯੂਨਿਟ ਨੂੰ ਤੁਹਾਡੇ ਨਾਲ ਸੰਪਰਕ ਕਰਨ ਵਿੱਚ ਮੱਦਦ ਮਿਲੇਗੀ।
- WWC ਚੈੱਕ ਕੰਪਲਾਇੰਸ ਟੂਲਕਿਟ ਵਿੱਚ ਇੱਕ ਖਰੜਾ WWC ਵਿਧੀ ਲੱਭੀ ਜਾ ਸਕਦੀ ਹੈ।

| 12. ਕੀ ਤੁਹਾਡੀ ਸੰਸਥਾ ਕੋਲ ਇਹ ਯਕੀਨੀ ਬਣਾਉਣ ਲਈ ਕੋਈ ਪ੍ਰਕਿਰਿਆ ਹੈ ਕਿ ਜੋ ਕਰਮਚਾਰੀ ਆਪਣੀ WWC ਚੈੱਕ ਅਰਜ਼ੀ ਨੂੰ ਵਾਪਸ ਲੈ ਲੈਂਦੇ ਹਨ ਜਾਂ ਆਪਣਾ WWC ਕਾਰਡ ਰੱਦ ਕਰਦੇ ਹਨ, ਉਹ ਬੱਚਿਆਂ ਨਾਲ ਸੰਬੰਧਿਤ ਕੰਮ ਵਿੱਚ ਸ਼ਾਮਲ ਨਹੀਂ ਹੁੰਦੇ ਹਨ? | ਹਾਂ | |
|---|---|---|
| | ਨਹੀਂ | |
| | ਪੂਰਾ ਯਕੀਨੀ ਨਹੀਂ ਹੈ | |

- ਜੇਕਰ ਕੋਈ ਵਿਅਕਤੀ WWC ਚੈੱਕ ਲਈ ਅਰਜ਼ੀ ਦੇਣ ਤੋਂ ਬਾਅਦ ਆਪਣੀ ਅਰਜ਼ੀ ਵਾਪਸ ਲੈ ਲੈਂਦਾ ਹੈ ਜਾਂ ਆਪਣਾ WWC ਕਾਰਡ ਰੱਦ ਕਰਦਾ ਹੈ, ਤਾਂ ਉਸਨੂੰ ਲਾਜ਼ਮੀ ਤੌਰ 'ਤੇ ਬੱਚਿਆਂ ਨਾਲ ਸੰਬੰਧਿਤ ਕੰਮ ਵਿੱਚ ਸ਼ਾਮਲ ਨਹੀਂ ਹੋਣਾ ਚਾਹੀਦਾ ਹੈ।
- ਤੁਹਾਡੀ ਸੰਸਥਾ ਕੋਲ ਇਹ ਯਕੀਨੀ ਬਣਾਉਣ ਲਈ ਇੱਕ ਪ੍ਰਕਿਰਿਆ ਲਾਗੂ ਹੋਣੀ ਜ਼ਰੂਰੀ ਹੈ ਕਿ ਉਹ ਕਰਮਚਾਰੀ ਜੋ ਆਪਣੀ ਅਰਜ਼ੀ ਵਾਪਸ ਲੈ ਲੈਂਦੇ ਹਨ ਜਾਂ ਆਪਣਾ WWC ਕਾਰਡ ਰੱਦ ਕਰਦੇ ਹਨ, ਉਹ ਬੱਚਿਆਂ ਨਾਲ ਸੰਬੰਧਿਤ ਕੰਮ ਵਿੱਚ ਸ਼ਾਮਲ ਨਹੀਂ ਹੁੰਦੇ ਹਨ।
- WWC ਚੈੱਕ ਕੰਪਲਾਇੰਸ ਟੂਲਕਿਟ ਵਿੱਚ ਇੱਕ ਖਰੜਾ WWC ਵਿਧੀ ਲੱਭੀ ਜਾ ਸਕਦੀ ਹੈ।

| | | |
|---|---|---|
| 13. ਕੀ ਤੁਹਾਡੀ ਸੰਸਥਾ ਕੋਲ ਅਪਰਾਧਾਂ ਨੂੰ ਪਛਾਣਨ ਅਤੇ WWC ਸਕ੍ਰੀਨਿੰਗ ਯੂਨਿਟ ਨੂੰ ਸੂਚਿਤ ਕਰਨ ਦੀ ਕੋਈ ਪ੍ਰਕਿਰਿਆ ਹੈ ਜੋ ਕਿਸੇ ਕਰਮਚਾਰੀ ਲਈ ਬੱਚਿਆਂ ਨਾਲ ਸੰਬੰਧਿਤ ਕੰਮ ਵਿੱਚ ਸ਼ਾਮਲ ਹੋਣਾ ਉਚਿਤ ਬਣਾਉਂਦੀ ਹੈ? | ਹਾਂ | |
| | ਨਹੀਂ | |
| | ਪੂਰਾ ਯਕੀਨੀ ਨਹੀਂ ਹੈ | |
| • ਜੇਕਰ ਤੁਹਾਡੀ ਸੰਸਥਾ ਬੱਚਿਆਂ ਨਾਲ ਸੰਬੰਧਿਤ ਕੰਮ ਵਿੱਚ ਸ਼ਾਮਲ ਵਿਅਕਤੀ ਬਾਰੇ ਕਿਸੇ ਵੀ ਗੰਭੀਰ ਅਪਰਾਧ ਤੋਂ ਜਾਣੂ ਹੈ, ਤਾਂ WWC ਸਕ੍ਰੀਨਿੰਗ ਯੂਨਿਟ ਨਾਲ ਸੰਪਰਕ ਕਰੋ।<br>• ਅਪਰਾਧਾਂ ਬਾਰੇ ਵਧੇਰੇ ਜਾਣਕਾਰੀ ਲਈ Factsheet OFF01: ਕਲਾਸ 1 ਅਤੇ ਕਲਾਸ 2 ਅਪਰਾਧ ਪੜ੍ਹੋ। | | |

**ਮੈਂ ਹੁਣ ਕੀ ਕਰਾਂ?**

ਜੇਕਰ ਤੁਸੀਂ ਉਪਰੋਕਤ ਸਵਾਲਾਂ ਵਿੱਚੋਂ ਕਿਸੇ 'ਤੇ 'ਨਹੀਂ' ਜਾਂ 'ਪੂਰਾ ਯਕੀਨੀ ਨਹੀਂ ਹੈ' 'ਤੇ ਨਿਸ਼ਾਨ ਲਗਾਉਂਦੇ ਹੋ, ਤਾਂ ਇਹ ਤੁਹਾਡੇ ਸੰਸਥਾ ਲਈ ਗ਼ੈਰ-ਪਾਲਣਾ ਅਤੇ ਜ਼ੋਖਮ ਦਾ ਸੂਚਕ ਹੋ ਸਕਦਾ ਹੈ। ਇਹ ਸਿਫਾਰਸ਼ ਕੀਤੀ ਜਾਂਦੀ ਹੈ ਕਿ ਤੁਸੀਂ ਆਪਣੇ ਸੰਸਥਾ ਦੀ ਕਾਨੂੰਨੀ ਪਾਲਣਾ ਨੂੰ ਯਕੀਨੀ ਬਣਾਉਣ ਲਈ ਕੰਮ ਕਰੋ। ਜੇਕਰ ਤੁਹਾਨੂੰ ਸਹਾਇਤਾ ਦੀ ਲੋੜ ਹੈ, ਤਾਂ ਕਿਰਪਾ ਕਰਕੇ WWC ਸਕ੍ਰੀਨਿੰਗ ਯੂਨਿਟ ਨਾਲ ਸੰਪਰਕ ਕਰੋ।

**ਮੋਟੇ ਅੱਖਰਾਂ ਵਾਲੇ (bold)** ਸ਼ਬਦਾਂ ਦੀ ਪਰਿਭਾਸ਼ਾ www.workingwithchildren.wa.gov.au ' ਤੇ ਵਰਕਿੰਗ ਵਿਦ ਚਿਲਡਰਨ ਚੈੱਕ ਸ਼ਬਦਾਵਲੀ ਵਿੱਚ ਲੱਭੀ ਜਾ ਸਕਦੀ ਹੈ।